ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ ਮੁੱਖ ਇੰਜੀਨੀਅਰ/ਐਚ ਆਰ ਡੀ
(ਬੋਰਡ ਭਾਗ)

1165
5/6/12

ਵੱਲ/

ਨਿਗਰਾਨ ਇੰਜੀਨੀਅਰ/ਆਈ.ਟੀ,
ਪੰ:ਸ:ਪਾ:ਕਾ:ਲਿਮ:ਪਟਿਆਲਾ।

ਮੀਮੋ ਨੰ: 37248 ਬੀਡੀ/ਜੀ-2874/3086

ਮਿਤੀ : 1/6/12

ਵਿਸ਼ਾ:- ਫੀਲਡ ਅਤੇ ਸਟੇਟ ਹੈਡ ਕੁਆਟਰ ਤੇ ਤੈਨਾਤ ਅਫਸਰਾਂ ਨੂੰ 9.00 ਵਜੇ ਸਵੇਰੇ ਤੋਂ 5.00 ਵਜੇ ਤਕ ਦਫਤਰੀ ਕੰਮ ਕਾਜ ਨੂੰ ਕਰਨ ਲਈ ਯਕੀਨੀ ਬਣਾਉਣ ਬਾਰੇ।

................

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ਪੀ ਪੀ 3 ਸ਼ਾਖਾ ਚੰਡੀਗੜ੍ਹ ਤੋਂ ਪ੍ਰਾਪਤ ਪੱ :ਨੰ:14/6/05-4 ਪੀ ਪੀ 3/481 ਮਿਤੀ 4.4.2012,ਆਪ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਮੁੱਖ ਇੰਜੀਨੀਅਰ/ਐਚ ਆਰ ਡੀ (ਬੋਰਡ ਭਾਗ) ਪੰ:ਸ:ਪਾ:ਕਾ:ਲਿ: ਦੀ ਵੈਬ ਸਾਈਟ ਤੇ ਪਾਇਆ ਜਾਵੇ ਜੀ ।

ਨੱਥੀ/ਉਪਰੋਕਤ ਅਨੁਸਾਰ

23/5/12

ਅਧੀਨ ਸਕੱਤਰ/ਤਾਲਮੇਲ,
ਪੰ:ਸ:ਪਾ:ਕਾ:ਲਿ:ਪਟਿਆਲਾ

14/6/05-4ਪੀਪੀ3/481
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
ਪੀ.ਪੀ.3 ਸ਼ਾਖਾ

ਸੇਵਾ ਵਿਖੇ

ਮਿਤੀ, ਚੰਡੀਗੜ੍ਹ: 04.04.2012

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ
ਮੰਡਲਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ ਅਤੇ
ਉਪ.ਮੰਡਲ ਮੈਜਿਸਟ੍ਰੇਟ,
ਪੰਜਾਬ।

Diary No. 132 C.E./HRD
Date 30/4/12

**ਵਿਸ਼ਾ:-** **ਫੀਲਡ ਅਤੇ ਸਟੇਟ ਹੈੱਡ ਕੁਆਟਰ ਤੇ ਤੈਨਾਤ ਅਫ਼ਸਰਾਂ ਨੂੰ 9:00 ਵਜੇ ਸਵੇਰੇ ਤੋਂ 5:00 ਵਜੇ ਤੱਕ ਦਫ਼ਤਰੀ ਕੰਮ ਕਾਜ ਕਰਨ ਨੂੰ ਯਕੀਨੀ ਬਣਾਉਣ ਬਾਰੇ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਰਾਜ ਸਰਕਾਰ ਦੇ ਫੀਲਡ ਅਤੇ ਸਟੇਟ ਹੈੱਡ ਕੁਆਟਰ ਤੇ ਤੈਨਾਤ ਅਧਿਕਾਰੀਆਂ ਵੱਲੋਂ ਨਿਵਾਸ ਸਥਾਨ ਤੇ (ਕੈਂਪ ਆਫਿਸ) ਦਫ਼ਤਰੀ ਕੰਮ ਦਾ ਨਿਪਟਾਰਾ ਕੀਤਾ ਜਾਂਦਾ ਹੈ। ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ, ਫੀਲਡ ਅਤੇ ਸਟੇਟ ਹੈੱਡਕੁਆਟਰ ਵਿੱਚ ਤੈਨਾਤ ਅਧਿਕਾਰੀ ਦਫ਼ਤਰੀ ਸਮੇਂ ਵਿੱਚ ਸਵੇਰੇ 9:00 ਵਜੋਂ ਤੋਂ ਸ਼ਾਮ 5:00 ਵਜੇ ਤੱਕ (ਮੰਗਲਵਾਰ ਤੋਂ ਵੀਰਵਾਰ) ਦਫ਼ਤਰੀ ਕੰਮ ਦਾ ਨਿਪਟਾਰਾ ਨਿਵਾਸ ਸਥਾਨ/ਕੈਂਪ ਆਫਿਸ ਦੀ ਬਜਾਏ ਦਫ਼ਤਰ ਵਿੱਚ ਬੈਠ ਕੇ ਕਰਨ ਨੂੰ ਯਕੀਨੀ ਬਣਾਉਣਗੇ ਅਤੇ ਹਫਤੇ ਦੇ ਬਾਕੀ ਦਿਨਾਂ ਵਿੱਚ (ਸੋਮਵਾਰ ਅਤੇ ਸ਼ੁੱਕਰਵਾਰ) ਫੀਲਡ ਦਾ ਦੌਰਾ ਕਰਨਗੇ। ਉਹ ਆਮ ਜਨਤਾ ਦਾ ਭਰੋਸਾ ਜਿੱਤਣ ਲਈ ਅਤੇ ਸਾਫ ਸੁਥਰਾ ਪ੍ਰਸ਼ਾਸਨ ਦੇਣ ਲਈ ਦਫ਼ਤਰੀ ਸਮੇਂ ਦੀ ਪਾਬੰਦੀ ਨੂੰ ਯਕੀਨੀ ਬਣਾਉਣਗੇ। ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਅਧਿਕਾਰੀ ਫੀਲਡ ਵਿੱਚ ਦੌਰੇ ਸਬੰਧੀ ਲੋੜੀਂਦਾ ਇੰਦਰਾਜ ਇਸ ਮਕਸਦ ਲਈ ਰੱਖੇ ਗਏ ਮੂਵਮੈਂਟ ਰਜਿਸਟਰ ਵਿੱਚ ਵੀ ਕਰਨਗੇ।

2. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸ ਪਾਤਰ

(ਕੁਲਦੀਪ ਸਿੰਘ)
ਅਧੀਨ ਸਕੱਤਰ ਪ੍ਰਸੋਨਲ

ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ,ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ, ਸਰਕਾਰ।

**ਅੰ:ਵਿ:ਪੱ:ਨੰ:14/6/05-4ਪੀਪੀ3/482**

**ਮਿਤੀ,ਚੰਡੀਗੜ੍ਹ 04.04.2012**